CFA

FIRE RESCUE VICTORIA

cfa.vic.gov.au/languages



# ਕੀ ਮੈਂ ਅੱਗ ਬਾਲ ਕੇ ਚੀਜ਼ਾਂ ਸਾੜ ਸਕਦਾ ਹਾਂ?

**ਸਾਲ ਦੇ ਗਰਮ ਸਮਿਆਂ ਵਿੱਚ CFA ਰਾਜ ਦੇ ਵੱਖ-ਵੱਖ ਹਿੱਸਿਆਂ ਵਿੱਚ ਅੱਗ ਲੱਗਣ ਦੇ ਖ਼ਤਰੇ ਦੇ ਸਮਿਆਂ (Fire Danger Periods) ਦੀ ਘੋਸ਼ਣਾ ਕਰਦਾ ਹੈ। ਉਹਨਾਂ ਦਿਨਾਂ ਵਿੱਚ ਜਦੋਂ ਅੱਗ ਤੇਜ਼ੀ ਨਾਲ ਫ਼ੈਲ ਜਾਂਦੀ ਹੈ ਅਤੇ ਕਾਬੂ ਕਰਨਾ ਮੁਸ਼ਕਲ ਹੁੰਦਾ ਹੈ, ਕੁੱਝ ਸਾੜਨ ਵੇਲੇ ਇਸ ਬਾਰੇ ਪਾਬੰਦੀਆਂ ਹਨ ਕਿ ਤੁਸੀਂ ਕੀ ਕਰ ਸਕਦੇ ਹੋ ਅਤੇ ਕੀ ਨਹੀਂ ਕਰ ਸਕਦੇ ਹੋ।**

# ਕੀ ਮੈਂ ਬਗ਼ੀਚੇ ਦੀ ਰਹਿੰਦ-ਖੂੰਹਦ ਨੂੰ ਸਾੜ ਸਕਦਾ ਹਾਂ?

## ਅੱਗ ਲੱਗਣ ਦੇ ਖ਼ਤਰੇ ਦੇ ਸਮੇਂ (Fire Danger Periods)

ਅੱਗ ਲੱਗਣ ਦੇ ਖ਼ਤਰੇ ਦੇ ਸਮੇਂ (Fire Danger Period) ਦੌਰਾਨ ਕੁੱਝ ਵੀ ਸਾੜਨ ਦੀ ਆਗਿਆ ਨਹੀਂ ਹੈ ਜਦੋਂ ਤੱਕ ਤੁਹਾਡੇ ਕੋਲ CFA, ਫਾਇਰ ਰੈਸਕਿਊ ਵਿਕਟੋਰੀਆ ਜਾਂ ਮਿਊਂਸਪਲ ਫਾਇਰ ਪ੍ਰੀਵੈਨਸ਼ਨ ਅਫ਼ਸਰ ਦੁਆਰਾ ਜਾਰੀ ਕੀਤਾ ਗਿਆ ਲਿਖਤੀ ਪਰਮਿਟ ਨਹੀਂ ਹੈ, ਇਹ ਨਿਰਭਰ ਕਰਦਾ ਹੈ ਕਿ ਤੁਸੀਂ ਕਿੱਥੇ ਸਾੜ ਰਹੇ ਹੋ। ਭਾਵੇਂ ਤੁਹਾਡੇ ਕੋਲ ਪਰਮਿਟ ਹੈ, ਤੁਹਾਨੂੰ ਲਾਜ਼ਮੀ ਤੌਰ 'ਤੇ:

- ਪਰਮਿਟ ਦੀਆਂ ਸਾਰੀਆਂ ਸ਼ਰਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ,
- ਜਦ ਤੱਕ ਅੱਗ ਬਲ ਰਹੀ ਹੈ, ਹਮੇਸ਼ਾ ਇੱਕ ਵਿਅਕਤੀ ਹਾਜ਼ਰ ਹੋਵੇ ਅਤੇ ਉਸ ਕੋਲ ਅੱਗ ਬੁਝਾਉਣ ਦੀ ਸਮਰੱਥਾ ਅਤੇ ਉਪਕਰਨ ਹੋਣ,
- ਉਸ ਵਿਅਕਤੀ ਦੇ ਜਾਣ ਤੋਂ ਪਹਿਲਾਂ ਅੱਗ ਨੂੰ ਪੂਰੀ ਤਰ੍ਹਾਂ ਬੁਝਾ ਦਿੱਤਾ ਜਾਵੇ।

ਕਿਸੇ ਵੀ ਪਰਮਿਟ ਦੇ ਬਾਵਜੂਦ ਤੁਹਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਸੀਂ ਕੌਂਸਲ ਦੇ ਸਥਾਨਕ ਕਾਨੂੰਨਾਂ ਦੀ ਪਾਲਣਾ ਕਰਦੇ ਹੋ, ਅਤੇ ਅੱਗ ਬਾਲਣ ਤੋਂ ਪਹਿਲਾਂ, **1800 668 511** 'ਤੇ ਜਾਂ **cfa.vic.gov.au/languages** 'ਤੇ ਹਮੇਸ਼ਾ ਆਪਣੇ ਬਰਨ (ਅੱਗ ਬਾਲਣ) ਨੂੰ ਰਜਿਸਟਰ ਕਰੋ।

## ਅੱਗ ਬਾਲਣ 'ਤੇ ਪੂਰਨ ਪਾਬੰਦੀ ਦੇ ਦਿਨ (Total Fire Ban Days)

ਅੱਗ ਬਾਲਣ 'ਤੇ ਪੂਰਨ ਪਾਬੰਦੀ ਦੇ ਦਿਨਾਂ (Total Fire Ban Days)'ਤੇ , ਪਾਬੰਦੀ ਲਗਾਈ ਜਾਂਦੀ ਹੈ ਅਤੇ ਅੱਗ ਬਾਲਣ 'ਤੇ ਪੂਰਨ ਪਾਬੰਦੀ (Total Fire Ban) ਦੀ ਮਿਆਦ ਤੱਕ ਪਰਮਿਟ ਰੱਦ ਕਰ ਦਿੱਤੇ ਜਾਂਦੇ ਹਨ। ਕੋਈ ਵੀ ਮੌਜੂਦਾ ਸਾੜਨ ਦੀ ਕਿਰਿਆ ਜਿਸ ਲਈ ਤੁਹਾਡੇ ਕੋਲ ਫਾਇਰ ਡੈਂਜਰ ਪੀਰੀਅਡ (Fire Danger Period) ਪਰਮਿਟ ਹੋ ਸਕਦਾ ਹੈ, ਅੱਗ ਬਾਲਣ 'ਤੇ ਪੂਰਨ ਪਾਬੰਦੀ (Total Fire Ban) ਵਿੱਚ ਕਰਨ ਦੀ ਆਗਿਆ ਨਹੀਂ ਹੈ ਅਤੇ ਇਸਦੇ ਸ਼ੁਰੂ ਹੋਣ ਤੋਂ ਪਹਿਲਾਂ ਪੂਰੀ ਤਰ੍ਹਾਂ ਬੰਦ ਕਰ ਦਿੱਤੀ ਜਾਣੀ ਚਾਹੀਦੀ ਹੈ।

ਹੋਰ ਜਾਣਨ ਲਈ QR ਕੋਡ ਨੂੰ ਸਕੈਨ ਕਰੋ।
**ਇਕੱਠੇ ਮਿਲ ਕੇ ਅਸੀਂ ਅੱਗ ਤੋਂ ਸੁਰੱਖਿਅਤ ਰਹਿ ਸਕਦੇ ਹਾਂ।**